

# SIKHS IN INDIA

# CHAUPAI SAHIB in English & Punjabi

https://Sikhsinindia.com
Email: sikhsinindia@gmail.com

ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ॥
ਪਾਤਸ਼ਾਹੀ 10॥

**Ik Onkar Sri Vaheguru Ji Ki Fateh**
**Patishaahee dasavee**

**ਕਬਿਯੋ ਬਾਚ ਬੇਨਤੀ ॥ ਚੌਪਈ ॥**
Kabyo Baach Bayntee. Chaupa-ee.
**ਹਮਰੀ ਕਰੋ ਹਾਥ ਦੈ ਰੱਛਾ ॥**
Hamaree karo haath dai rachhaa
**ਪੂਰਨ ਹੋਇ ਚਿਤ ਕੀ ਇੱਛਾ॥**
Pooran ho-I chit kee ichhaa.
**ਤਵ ਚਰਨਨ ਮਨ ਰਹੈ ਹਮਾਰਾ ॥**
Tav charanan man rahai hamaaraa.
**ਅਪਨਾ ਜਾਨ ਕਰੋ ਪ੍ਰਤਿਪਾਰਾ ॥੩੭੭॥**
Apana jaan karo pratipaaraa.
**ਹਮਰੇ ਦੁਸਟ ਸਭੈ ਤੁਮ ਘਾਵਹੁ ॥**
Jamaray dusht sabhai tum ghaavaho

ਆਪੁ ਹਾਥ ਦੈ ਮੋਹਿ ਬਚਾਵਹੁ ॥
Aap haath dai mohi bachaavaho
ਸੁਖੀ ਬਸੈ ਮੋਰੋ ਪਰਿਵਾਰਾ ॥
Sukhee basai moro parivaaraa
ਸੇਵਕ ਸਿੱਖ ਸਭੈ ਕਰਤਾਰਾ ॥੩੭੮॥
Sayvak sikh sabhai karataaraa

ਮੋ ਰੱਛਾ ਨਿਜੁ ਕਰ ਦੈ ਕਰਿਯੈ ॥
Mo rachhaa nij kar dai kariyai
ਸਭ ਬੈਰਨ ਕੌ ਆਜ ਸੰਘਰਿਯੈ ॥
Sabh bairan ko aaj sanghariyai
ਪੂਰਨ ਹੋਇ ਹਮਾਰੀ ਆਸਾ ॥
Pooran ho-i hamaaree aasaa
ਤੋਰ ਭਜਨ ਕੀ ਰਹੈ ਪਿਆਸਾ॥੩੭੯॥
Tor bhajan kee rahai pi-aasaa
ਤੁਮਹਿ ਛਾਡਿ ਕੋਈ ਅਵਰ ਨ ਧਿਯਾਊ ॥
Tumahi chhas ko-ee avar na dhiyaaoo(n)

ਜੋ ਬਰ ਚਾਹੌਂ ਸੁ ਤੁਮ ਤੇ ਪਾਊ ॥
Jo bar chaho(n) tum tay paa-oo(n)
ਸੇਵਕ ਸਿੱਖ ਹਮਾਰੇ ਤਾਰੀਅਹਿ॥
Sayval sikhya hamaaray taaree-ahi
ਚੁਨਿ ਚੁਨਿ ਸਤ੍ਰ ਹਮਾਰੇ ਮਾਰੀਅਹਿ॥੩੯੦॥
Chun chun satr hamaaray maaree-ahi

ਆਪੁ ਹਾਥ ਦੈ ਮੁਝੈ ਉਬਰਿਯੈ ॥
Aap haath di mujhai ubariyai
ਮਰਨ ਕਾਲ ਕਾ ਤ੍ਰਾਸ ਨਿਵਰਿਯੈ ॥
Maran kaal kaa traas nivariyai
ਹੂਜੋ ਸਦਾ ਹਮਾਰੇ ਪੱਛਾ॥
Hoojo sadaa hamaaray pachhaa
ਸ੍ਰੀ ਅਸਿਧੁਜ ਜੂ ਕਰਿਯਹੁ ਰੱਛਾ ॥੩੯੧॥
Sree asidhuj joo kariyaho rachhaa

ਰਾਖਿ ਲੇਹੁ ਮੁਹਿ ਰਾਖਨਹਾਰੇ ॥
Raakh layho muhi raakhanahaaray
ਸਾਹਿਬ ਸੰਤ ਸਹਾਇ ਪਿਯਾਰੇ ॥
Saahib sant sahaa-i piyaaray

ਦੀਨ ਬੰਧੁ ਦੁਸਟਨ ਕੇ ਹੰਤਾ ॥
Deen bandh dushtan kay hantaa
ਤੁਮ ਹੋ ਪੁਰੀ ਚਤੁਰ ਦਸ ਕੰਤਾ ॥੩੯੨॥
Tumaho puree chatur das kantaa

ਕਾਲ ਪਾਇ ਬ੍ਰਹਮਾ ਬਪੁ ਧਰਾ ॥
Kaal paa-i brahmaa budh dharaa
ਕਾਲ ਪਾਇ ਸਿਵਜੂ ਅਵਤਰਾ ॥
Kaal paa-I shivajoo avataraa
ਕਾਲ ਪਾਇ ਕਰਿ ਬਿਸਨ ਪ੍ਰਕਾਸਾ ॥
Kaal paa-i kar bisan prakaasaa
ਸਕਲ ਕਾਲ ਕਾ ਕੀਆ ਤਮਾਸਾ ॥੩੯੩॥
Sakal kaal kaa kee-aa tamaasaa

ਜਵਨ ਕਾਲ ਜੋਗੀ ਸਿਵ ਕੀਓ॥
Javan kaal jogee shiv kee-o
ਬੇਦ ਰਾਜ ਬ੍ਰਹਮਾ ਜੂ ਥੀਓ ॥
Baydraaj brahmaa joo thee-o
ਜਵਨ ਕਾਲ ਸਭ ਲੋਕ ਸਵਾਰਾ ॥
Javan kaal sabh lok savaaraa

ਨਮਸਕਾਰ ਹੈ ਤਾਹਿ ਹਮਾਰਾ ॥੩੮੪॥
Namasakaar hai taahi hamaaraa

ਜਵਨ ਕਾਲ ਸਭ ਜਗਤ ਬਨਾਯੋ ॥
Javan kaal sabh jagat baniyo
ਦੇਵ ਦੈਤ ਜਛਨ ਉਪਜਾਯੋ ॥
Dayv dait jachhan upajaayo
ਆਦਿ ਅੰਤਿ ਏਕੈ ਅਵਤਾਰਾ ॥
Aad ant aykai avataaraa
ਸੋਈ ਗੁਰੂ ਸਮਝਿਯਹੁ ਹਮਾਰਾ ॥੩੮੫॥
So-ee guroo samajhiyaho hamaaraa

ਨਮਸਕਾਰ ਤਿਸ ਹੀ ਕੋ ਹਮਾਰੀ ॥
Namasakaar tis hee ko hamaaree
ਸਕਲ ਪ੍ਰਜਾ ਜਿਨ ਆਪ ਸਵਾਰੀ ॥
Sakal prajaa jin aap savaaree
ਸਿਵਕਨ ਕੋ ਸਿਵਗੁਨ ਸੁਖ ਦੀਓ ॥
Sivakan ko sivagun sukh dee-o
ਸਤ੍ਰੁਨ ਕੋ ਪਲ ਮੋ ਬਧ ਕੀਓ ॥੩੮੬॥
Sattran ko pal mo badh kee-o.

ਘਟ ਘਟ ਕੇ ਅੰਤਰ ਕੀ ਜਾਨਤ ॥
Ghat ghat kay antar kee jaanat
ਭਲੇ ਬੁਰੇ ਕੀ ਪੀਰ ਪਛਾਨਤ ॥
Bhalay buray kee peer pachhaanat
ਚੀਟੀ ਤੇ ਕੁੰਚਰ ਅਸਥੂਲਾ ॥
Cheetee tay kunchar asthoolaa
ਸਭ ਪਰ ਕ੍ਰਿਪਾ ਦ੍ਰਿਸਟਿ ਕਰਿ ਫੂਲਾ ॥੩੯੭॥
Sabh par kirpaa drisht kar foolaa

ਸੰਤਨ ਦੁਖ ਪਾਏ ਤੇ ਦੁਖੀ ॥
Santan dukh paa-ay tay dukhee
ਸੁਖ ਪਾਏ ਸਾਧਨ ਕੇ ਸੁਖੀ ॥
Sukh paa-ay saadhan kay sukhee
ਏਕ ਏਕ ਕੀ ਪੀਰ ਪਛਾਨੈ ॥
Ayk ayk kee peer pachhaanai(n)
ਘਟ ਘਟ ਕੇ ਪਟ ਪਟ ਕੀ ਜਾਨੈ ॥੩੯੮॥
Ghat ghat kay pat pat kee jaanai(n)

ਜਬ ਉਦਕਰਖ ਕਰਾ ਕਰਤਾਰਾ ॥
Jab udakarakh karaa karataaraa

ਪ੍ਰਜਾ ਧਰਤ ਤਬ ਦੇਹ ਅਪਾਰਾ ॥
Prajaa dharat tab dayj apaaraa
ਜਬ ਆਕਰਖ ਕਰਤ ਹੋ ਕਬਹੂੰ ॥
Jab aakarakh karat ho kabahoo(n)
ਤੁਮ ਮੈ ਮਿਲਤ ਦੇਹ ਧਰ ਸਭਹੂੰ ॥੩੮੯॥
Tum mai milat dayh dhar sabhahoo(n)

ਜੇਤੇ ਬਦਨ ਸ੍ਰਿਸਟਿ ਸਭ ਧਾਰੈ ॥
Jaytay badan srisat sabh dhaarai
ਆਪੁ ਆਪੁਨੀ ਬੂਝਿ ਉਚਾਰੈ ॥
Aap aapanee boojh uchaarai
ਤੁਮ ਸਭ ਹੀ ਤੇ ਰਹਤ ਨਿਰਾਲਮ ॥
Tum sabhahee tay rahat niraalam
ਜਾਨਤ ਬੇਦ ਭੇਦ ਅਰੁ ਆਲਮ ॥੩੯੦॥
Jaanat bayd bhayd ar aalam

ਨਿਰੰਕਾਰ ਨ੍ਰਿਬਿਕਾਰ ਨ੍ਰਿਲੰਭ ॥
Nirankaar nribikaar niralanbh
ਆਦਿ ਅਨੀਲ ਅਨਾਦਿ ਅਸੰਭ ॥
Aad aneel anaad asanbh

ਤਾ ਕਾ ਮੂੜ੍ਹ ਉਚਾਰਤ ਭੇਦਾ ॥
Taa kaa moorhah uchaarat bhaydaa
ਜਾ ਕੌ ਭੇਵ ਨ ਪਾਵਤ ਬੇਦਾ ॥੩੯੧॥
Jaa kau bhayv paavat baydaa

ਤਾ ਕੌਂ ਕਰਿ ਪਾਹਨ ਅਨੁਮਾਨਤ ॥
Taa kau kar paahan anumaanat
ਮਹਾ ਮੂੜ੍ਹ ਕਛੁ ਭੇਦ ਨ ਜਾਨਤ ॥
Mahaa moorhah kachh bhayd na jaanat
ਮਹਾਦੇਵ ਕੌਂ ਕਹਤ ਸਦਾ ਸਿਵ ॥
Mahaadayv kau kahat sadaa shiv
ਨਿਰੰਕਾਰ ਕਾ ਚੀਨਤ ਨਹਿ ਭਿਵ ॥੩੯੨॥
Nirankaar kaa cheenat nahi bhiv

ਆਪੁ ਆਪੁਨੀ ਬੁਧਿ ਹੈ ਜੇਤੀ ॥
Aap aapanee budh hai jaytee
ਬਰਨਤ ਭਿੰਨ ਭਿੰਨ ਤੁਹਿ ਤੇਤੀ ॥
Baranat bhinn bhinn tu-hi taytee
ਤੁਮਰਾ ਲਖਾ ਨ ਜਾਇ ਪਸਾਰਾ ॥
Tumaraa lakhaa na jaa-I pasaaraa

ਕਿਹ ਬਿਧਿ ਸਜਾ ਪ੍ਰਥਮ ਸੰਸਾਰਾ ॥੩੯੩॥
Kih bidh sajaa pratham sansaaraa

ਏਕੈ ਰੂਪ ਅਨੂਪ ਸਰੂਪਾ ॥
Aykai roop anoop saroopa
ਰੰਕ ਭਯੋ ਰਾਵ ਕਹੀ ਭੂਪਾ ॥
Rank bhayo raav kahee bhoopaa
ਅੰਡਜ ਜੇਰਜ ਸੇਤਜ ਕੀਨੀ ॥
Andaj jayraj saytaj keenee
ਉਤਭੁਜ ਖਾਨਿ ਬਹੁਰਿ ਰਚਿ ਦੀਨੀ ॥੩੯੪॥
Utaabhaj khaan bahur rach deenee

ਕਹੂੰ ਫੂਲਿ ਰਾਜਾ ਹ੍ਵੈ ਬੈਠਾ ॥
Kahoo(n) fool raajaa havai baithaa
ਕਹੂੰ ਸਿਮਟਿ ਭਯੋ ਸੰਕਰ ਇਕੈਠਾ ॥
Kahoo(n) simat bhiyo sankar ikaithaa
ਸਗਰੀ ਸ੍ਰਿਸਟਿ ਦਿਖਾਇ ਅਚੰਭਵ ॥
Sagaree srist dikhaa-i achanbhav
ਆਦਿ ਜੁਗਾਦਿ ਸਰੂਪ ਸੁਯੰਭਵ ॥੩੯੫॥
Aad jugaad saroop suyanbhav

ਅਬ ਰਛਾ ਮੇਰੀ ਤੁਮ ਕਰੋ ॥
Ab rachhaa mayree tum karo
ਸਿਖ੍ਯ ਉਬਾਰਿ ਅਸਿਖ੍ਯ ਸੰਘਰੋ ॥
Sikh ubaar asikh sangharo
ਦੁਸਟ ਜਿਤੇ ਉਠਵਤ ਉਤਪਾਤਾ ॥
Dusht jitay uthavat utapaataa
ਸਕਲ ਮਲੇਛ ਕਰੋ ਰਣ ਘਾਤਾ ॥੩੯੬॥
Sakal malaychh karo ran ghaataa

ਜੇ ਅਸਿਧੁਜ ਤਵ ਸਰਨੀ ਪਰੇ ॥
Jay asidhuj tav sarnee paray
ਤਿਨ ਕੇ ਦੁਸਟ ਦੁਖਿਤ ਹ੍ਵੈ ਮਰੇ ॥
Tin kay dusht dukhat havai maray
ਪੁਰਖ ਜਵਨ ਪਗੁ ਪਰੇ ਤਿਹਾਰੇ ॥
Purakh javan pag paray tihaaray
ਤਿਨ ਕੇ ਤੁਮ ਸੰਕਟ ਸਭ ਟਾਰੇ ॥੩੯੭॥
Tin kay tum sankat sabh taaray

ਜੋ ਕਲਿ ਕੌ ਇਕ ਬਾਰ ਧਿਐਹੈ ॥
Jo kal ko ik baar dhi-ai hai

ਤਾ ਕੇ ਕਾਲ ਨਿਕਟਿ ਨਹਿ ਐਹੈ ॥
Taa kay kaal nikat nahi aihai
ਰਛਾ ਹੋਇ ਤਾਹਿ ਸਭ ਕਾਲਾ ॥
Rachha ho-I taahi sabh kaalaa
ਦੁਸਟ ਅਰਿਸਟ ਟਰੈਂ ਤਤਕਾਲਾ ॥੩੯੮॥
Dusht arisht taray(n) tatakaalaa

ਕ੍ਰਿਪਾ ਦ੍ਰਿਸਟਿ ਤਨ ਜਾਹਿ ਨਿਹਰਿਹੋ ॥
Kirpaa drisht tan jaahi nihariho
ਤਾ ਕੇ ਤਾਪ ਤਨਕ ਮਹਿ ਹਰਿਹੋ ॥
Taa kay taap tanak mo hariho
ਰਿਧਿ ਸਿਧਿ ਘਰ ਮੋ ਸਭ ਹੋਈ ॥
Ridh sidh ghar mo sabh jo-ee
ਦੁਸਟ ਛਾਹ ਛ੍ਵੈ ਸਕੈ ਨ ਕੋਈ ॥੩੯੯॥
Dusht chhah chhavai sakai na ko-ee

ਏਕ ਬਾਰ ਜਿਨ ਤੁਮੈ ਸੰਭਾਰਾ ॥
Ayk baar jin tumai sanbhaaraa
ਕਾਲ ਫਾਸ ਤੇ ਤਾਹਿ ਉਬਾਰਾ ॥
Kaal faas tay taahi ubaaraa

ਜਿਨ ਨਰ ਨਾਮ ਤਿਹਾਰੋ ਕਹਾ ॥
jin nar naam tihaaro kahaa
ਦਾਰਿਦ ਦੁਸਟ ਦੋਖ ਤੇ ਰਹਾ ॥੪੦੦॥
dhaaridh dhusaT dhokh te rahaa ||400||
ਖੜਗ ਕੇਤ ਮੈ ਸਰਣਿ ਤਿਹਾਰੀ ॥
khaRag ket mai saran tihaaree
ਆਪ ਹਾਥ ਦੈ ਲੇਹੁ ਉਬਾਰੀ ॥
aap haath dhai leh ubaaree
ਸਰਬ ਠੌਰ ਮੋ ਹੋਹੁ ਸਹਾਈ ॥
sarab Thauar mo hoh sahaiee
ਦੁਸਟ ਦੋਖ ਤੇ ਲੇਹੁ ਬਚਾਈ ॥੪੦੧॥
dhusaT dhokh te leh bachaiee ||401||
ਕ੍ਰਿਪਾ ਕਰੀ ਹਮ ਪਰ ਜਗਮਾਤਾ ॥
kirapaa karee ham par jagamaataa
ਗ੍ਰੰਥ ਕਰਾ ਪੂਰਨ ਸੁਭਰਾਤਾ ॥
gra(n)th karaa pooran subharaataa
ਕਿਲਬਿਖ ਸਕਲ ਦੇਹ ਕੋ ਹਰਤਾ ॥
kilabikh sakal dheh ko harataa

ਦੁਸਟ ਦੋਖਿਯਨ ਕੋ ਛੈ ਕਰਤਾ ॥੪੦੨॥
dhusaT dhokhiyan ko chhai karataa ||402||
ਸ੍ਰੀ ਅਸਿਧੁਜ ਜਬ ਭਏ ਦਯਾਲਾ ॥
sree asidhuj jab bhe dhayaalaa
ਪੂਰਨ ਕਰਾ ਗ੍ਰੰਥ ਤਤਕਾਲਾ ॥
pooran karaa gra(n)th tatakaalaa
ਮਨ ਬਾਛਤ ਫਲ ਪਾਵੈ ਸੋਈ ॥
man baachhat fal paavai soiee
ਦੂਖ ਨ ਤਿਸੈ ਬਿਆਪਤ ਕੋਈ ॥੪੦੩॥
dhookh na tisai biaapat koiee ||403||

ਅੜਿਲ ॥
**aRil**
ਸੁਨੈ ਗੁੰਗ ਜੋ ਯਾਹਿ ਸੁ ਰਸਨਾ ਪਾਵਈ ॥
sunai gu(n)g jo yaeh su rasanaa paaviee
ਸੁਨੈ ਮੂੜ ਚਿਤ ਲਾਇ ਚਤੁਰਤਾ ਆਵਈ ॥
sunai mooR chit lai chaturataa aaviee

ਦੂਖ ਦਰਦ ਭੌ ਨਿਕਟ ਨ ਤਿਨ ਨਰ ਕੇ ਰਹੈ ॥
dhookh dharadh bhau nikaT na tin nar ke rahai
ਹੋ ਜੋ ਯਾ ਕੀ ਏਕ ਬਾਰ ਚੌਪਈ ਕੋ ਕਹੈ ॥੪੦੪॥
ho jo yaa kee ek baar chauapiee ko kahai ||404||
ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈਂ ਮਤ ਏਕ ਨ ਚੌਪਈ ॥

**chauapiee**

ਸੰਬਤ ਸਤ੍ਹ ਸਹਸ ਭਨਿਜੈ ॥
sa(n)bat satreh sahas bhanijai
ਅਰਧ ਸਹਸ ਫੁਨਿ ਤੀਨਿ ਕਹਿਜੈ ॥
aradh sahas fun teen kahijai
ਭਾਦ੍ਰਵ ਸੁਦੀ ਅਸਟਮੀ ਰਵਿ ਵਾਰਾ ॥
bhaadhrav sudhee asaTamee rav vaaraa
ਤੀਰ ਸਤੁਦ੍ਰਵ ਗ੍ਰੰਥ ਸੁਧਾਰਾ ॥੪੦੫॥
teer satudhrav gra(n)th sudhaaraa ||405||

ਸ੍ਵੈਯਾ ॥
savaiyaa
ਪਾਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹੀ ਆਨਯੋ ॥
pai gahe jab te tumare tab te kouoo aa(n)kh tare nahee aanayo
ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈਂ ਮਤ ਏਕ ਨ ਮਾਨਯੋ ॥
raam raheem puraan kuraan anek kahai(n) mat ek na maanayo
ਸਿੰਮ੍ਰਿਤਿ ਸਾਸਤ੍ਰ ਬੇਦ ਸਭੈ ਬਹੁ ਭੇਦ ਕਹੈ ਹਮ ਏਕ ਨ ਜਾਨਯੋ ॥
si(n)mirat saasatr bedh sabhai bahu bhedh kahai ham ek na jaanayo
ਸ੍ਰੀ ਅਸਿਪਾਨ ਕ੍ਰਿਪਾ ਤੁਮਰੀ ਕਰਿ ਮੈ ਨ ਕਹਯੋ ਸਭ ਤੋਹਿ ਬਖਾਨਯੋ ॥੮੬੩॥
sree asipaan kirapaa tumaree kar mai na kahayo sabh toh bakhaanayo ||863||

ਦੋਹਰਾ ॥
dhoharaa
ਸਗਲ ਦੁਆਰ ਕਉ ਛਾਡਿ ਕੈ ਗਹਯੋ ਤੁਹਾਰੋ ਦੁਆਰ ॥
sagal dhuaar kau chhaadd kai gahayo tuhaaro dhuaar
ਬਾਹਿ ਗਹੇ ਕੀ ਲਾਜ ਅਸਿ ਗੋਬਿੰਦ ਦਾਸ ਤੁਹਾਰ ॥੮੬੪॥
baeh gahe kee laaj as gobi(n)dh dhaas tuhaar ||864||

ਵਾਹਿਗੁਰੂ ਜੀ ਕਾ ਖਾਲਸਾ ॥
Vaheguru Ji Ka Khalsa
ਵਾਹਿਗੁਰੂ ਜੀ ਕੀ ਫਤਹਿ ॥
Vaheguru Ji Ki Fateh